RECBC REAL ESTATE COUNCIL OF BRITISH COLUMBIA

# ਰੀਅਲ ਇਸਟੇਟ ਦੇ ਸੌਦੇ ਵਿਚ ਬਿਨਾਂ ਨੁਮਾਇੰਦਗੀ ਤੋਂ ਹੋ? ਖਤਰੇ ਜਾਣੋ

ਜਿਹੜੇ ਖਪਤਕਾਰ (ਕੰਜ਼ਿਊਮਰ) ਰੀਅਲ ਇਸਟੇਟ ਦਾ ਕੋਈ ਸੌਦਾ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ (ਏਜੰਟ) ਤੋਂ ਬਿਨਾਂ ਕਰਨ ਦੀ ਚੋਣ ਕਰਦੇ ਹਨ ਉਨ੍ਹਾਂ ਨੂੰ **"ਨੁਮਾਇੰਦਗੀ-ਰਹਿਤ ਪਾਰਟੀਆਂ"** ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਭਾਵੇਂ ਕਿ ਤੁਹਾਡੇ ਲਈ ਰੀਅਲ ਇਸਟੇਟ ਦੇ ਕਿਸੇ ਸੌਦੇ ਵਿਚ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਰੱਖਣਾ ਜ਼ਰੂਰੀ ਨਹੀਂ ਹੈ, ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਗਾਹਕ ਵਜੋਂ ਮਿਲਣ ਵਾਲੀ ਮਾਹਰ ਸਲਾਹ, ਰੱਖਿਆ, ਅਤੇ ਨਿਗਰਾਨੀ ਬਹੁਤ ਮਦਦ ਕਰਨ ਵਾਲੀ ਹੋ ਸਕਦੀ ਹੈ।

ਜੇ ਤੁਸੀਂ **ਨੁਮਾਇੰਦਗੀ-ਰਹਿਤ ਪਾਰਟੀ** ਬਣਨ ਬਾਰੇ ਸੋਚ ਰਹੇ ਹੋ ਤਾਂ ਇਹ ਪੱਕਾ ਕਰੋ ਕਿ ਤੁਸੀਂ ਇਹ ਸਮਝਦੇ ਹੋ ਕਿ ਸੌਦੇ ਵਿਚ ਦੂਜੇ ਧਿਰ ਦੀ ਨੁਮਾਇੰਦਗੀ ਕਰ ਰਿਹਾ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਡੇ ਲਈ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ ਹੈ। ਰੀਅਲ ਇਸਟੇਟ ਪ੍ਰੋਫੈਸ਼ਨਲ ਦਾ ਆਪਣੇ ਗਾਹਕ ਪ੍ਰਤੀ ਵਫ਼ਾਦਾਰ ਹੋਣਾ ਜ਼ਰੂਰੀ ਹੈ, ਅਤੇ ਉਹ ਤੁਹਾਨੂੰ ਸਿਰਫ ਸੀਮਤ ਸੇਵਾਵਾਂ ਦੇਣ ਦੇ ਹੀ ਯੋਗ ਹੋਵੇਗਾ।

- ਰੀਅਲ ਇਸਟੇਟ ਕੌਂਸਲ ਔਫ ਬੀ ਸੀ ਤੋਂ ਖਪਤਕਾਰਾਂ (ਕੰਜ਼ਿਊਮਰਜ਼) ਦੀ ਰੱਖਿਆ ਲਈ ਇਹ ਜ਼ਰੂਰੀ ਜਾਣਕਾਰੀ ਪੜ੍ਹਨ ਲਈ ਕੁਝ ਮਿੰਟ ਲਾਉ।
- ਰੀਅਲ ਇਸਟੇਟ ਦੇ ਕਿਸੇ ਸੌਦੇ ਵਿਚ ਨੁਮਾਇੰਦਗੀ-ਰਹਿਤ ਬਣਨ ਦਾ ਫੈਸਲਾ ਕਰਨ ਤੋਂ ਪਹਿਲਾਂ ਖਤਰਿਆਂ ਬਾਰੇ ਧਿਆਨ ਨਾਲ ਵਿਚਾਰ ਕਰੋ।
- ਉਸ ਰੀਅਲ ਇਸਟੇਟ ਪ੍ਰੋਫੈਸ਼ਨਲ ਜਾਂ ਹੋਰ ਪ੍ਰੋਫੈਸ਼ਨਲ (ਜਿਵੇਂ ਕਿ ਵਕੀਲ) ਤੋਂ ਮਿਲਣ ਵਾਲੀ ਮਾਹਰ ਸਲਾਹ ਜੋ ਤੁਹਾਡੇ ਹਿੱਤਾਂ ਦੀ ਨੁਮਾਇੰਦਗੀ ਕਰਦਾ ਹੈ, ਰੀਅਲ ਇਸਟੇਟ ਦੇ ਕਾਰਜ ਵਿਚ ਦੀ ਸੁਰੱਖਿਅਤ ਤਰੀਕੇ ਨਾਲ ਲੰਘਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਅਸੀਂ ਤੁਹਾਨੂੰ ਰੀਅਲ ਇਸਟੇਟ ਦੇ ਕਿਸੇ ਸੌਦੇ ਵਿਚ ਨੁਮਾਇੰਦਗੀ ਲਈ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਲੈਣ ਬਾਰੇ ਵਿਚਾਰ ਕਰਨ ਦੀ ਬੇਨਤੀ ਕਰਦੇ ਹਾਂ।

**ਤੁਹਾਨੂੰ ਇਹ ਫਾਰਮ ਕਿਉਂ ਮਿਲ ਰਿਹਾ ਹੈ?**
ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਹ ਜ਼ਰੂਰੀ ਹੈ ਕਿ ਉਹ ਤੁਹਾਨੂੰ ਰੀਅਲ ਇਸਟੇਟ ਦੇ ਕਿਸੇ ਸੌਦੇ ਵਿਚ ਨੁਮਾਇੰਦਗੀ ਤੋਂ ਬਿਨਾਂ ਹੋਣ ਦੇ ਖਤਰਿਆਂ ਬਾਰੇ ਜਾਣਕਾਰੀ ਦੇਵੇ। ਰੀਅਲ ਇਸਟੇਟ ਪ੍ਰੋਫੈਸ਼ਨਲ ਉਸੇ ਸੌਦੇ ਵਿਚ ਪਹਿਲਾਂ ਹੀ ਕਿਸੇ ਗਾਹਕ ਦੀ ਨੁਮਾਇੰਦਗੀ ਕਰ ਰਿਹਾ ਹੈ।

**ਇਸ ਫਾਰਮ ਦੀ ਵਰਤੋਂ ਕਿਵੇਂ ਕਰਨੀ ਹੈ:**
ਇਸ ਜਾਣਕਾਰੀ ਨੂੰ ਪੜ੍ਹੋ ਅਤੇ ਕਿਸੇ ਵੀ ਉਸ ਚੀਜ਼ ਬਾਰੇ ਪੁੱਛੋ ਜਿਹੜੀ ਤੁਹਾਨੂੰ ਸਮਝ ਨਾ ਆਈ ਹੋਵੇ। ਤੁਸੀਂ ਖਪਤਕਾਰਾਂ ਲਈ ਓਪਸ਼ਨਲ ਫੀਲਡਜ਼ ਭਰ ਸਕਦੇ ਹੋ ਜਿਹੜੇ ਇਹ ਦੱਸਦੇ ਹਨ ਕਿ ਤੁਸੀਂ ਇਹ ਜਾਣਕਾਰੀ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਵਿਚਾਰ ਲਈ ਹੈ।

**ਅਗਾਂਹ ਕੀ ਹੁੰਦਾ ਹੈ?**
ਫਾਰਮ ਨੂੰ ਵਿਚਾਰਨ ਅਤੇ ਖਪਤਕਾਰਾਂ ਲਈ ਓਪਸ਼ਨਲ ਫੀਲਡਜ਼ ਮੁਕੰਮਲ ਕਰਨ ਤੋਂ ਬਾਅਦ, ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਫਾਰਮ ਨੂੰ ਪੂਰਾ ਕਰਨਾ ਅਤੇ ਇਸ 'ਤੇ ਦਸਖਤ ਕਰਨਾ ਜ਼ਰੂਰੀ ਹੈ।

ਇਸ ਫਾਰਮ ਅਤੇ ਰੀਅਲ ਇਸਟੇਟ ਦੇ ਖਪਤਕਾਰਾਂ ਲਈ ਹੋਰ ਜਾਣਕਾਰੀ ਬਾਰੇ **www.recbc.ca** 'ਤੇ ਜ਼ਿਆਦਾ ਜਾਣੋ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ?

ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਦਾ ਆਪਣੇ ਗਾਹਕਾਂ ਪ੍ਰਤੀ ਵਫ਼ਾਦਾਰ ਹੋਣਾ ਅਤੇ ਉਨ੍ਹਾਂ ਦੇ ਸਭ ਤੋਂ ਬਿਹਤਰ ਹਿੱਤਾਂ ਵਿਚ ਕੰਮ ਕਰਨਾ ਜ਼ਰੂਰੀ ਹੈ। ਇਹ ਗੱਲ ਮਨ ਵਿਚ ਰੱਖੋ ਨੁਮਾਇੰਦਗੀ-ਰਹਿਤ ਪਾਰਟੀ ਵਜੋਂ ਇਸ ਸੌਦੇ ਵਿਚ ਸ਼ਾਮਲ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਤੁਹਾਡੇ ਹਿੱਤਾਂ ਲਈ ਕੰਮ ਨਹੀਂ ਕਰ ਰਹੇ ਹੋਣਗੇ।

**ਸੌਦੇ ਵਿਚ ਕਿਸੇ ਹੋਰ ਦੀ ਨੁਮਾਇੰਦਗੀ ਕਰ ਰਿਹਾ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਡੀ ਸਿਰਫ ਸੀਮਤ ਮਦਦ ਹੀ ਕਰ ਸਕਦਾ ਹੈ, ਜਿਵੇਂ ਕਿ:**

- ਰੀਅਲ ਇਸਟੇਟ ਦੇ ਅੰਕੜੇ ਅਤੇ ਮਾਰਕੀਟ ਦੀ ਆਮ ਜਾਣਕਾਰੀ ਸਾਂਝੀ ਕਰਨਾ
- ਰੀਅਲ ਇਸਟੇਟ ਕੌਨਟਰੈਕਟਸ ਦੇ ਆਮ ਅਤੇ ਹੋਰ ਢੁਕਵੇਂ ਪੇਪਰ ਦੇਣਾ
- ਰੀਅਲ ਇਸਟੇਟ ਦਾ ਆਮ ਕੌਨਟਰੈਕਟ ਭਰਨ ਵਿਚ ਤੁਹਾਡੀ ਮਦਦ ਕਰਨਾ (ਪਰ ਉਹ ਤੁਹਾਨੂੰ ਇਹ ਸਲਾਹ ਨਹੀਂ ਦੇ ਸਕਦੇ ਕਿ ਔਫਰ ਵਿਚ ਕੀ ਸ਼ਾਮਲ ਕਰਨਾ ਹੈ)
- ਤੁਹਾਡੇ ਸੁਨੇਹੇ ਆਪਣੇ ਗਾਹਕ ਤੱਕ, ਅਤੇ ਆਪਣੇ ਗਾਹਕ ਤੋਂ ਤੁਹਾਡੇ ਤੱਕ ਪਹੁੰਚਾਉਣਾ
- ਤੁਹਾਡੀਆਂ ਔਫਰਾਂ ਜਾਂ ਕਾਊਂਟਰਔਫਰਾਂ ਆਪਣੇ ਗਾਹਕ ਨੂੰ ਅਤੇ ਆਪਣੇ ਗਾਹਕ ਤੋਂ ਤੁਹਾਨੂੰ ਪੇਸ਼ ਕਰਨਾ।



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ 'ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ 'ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

RECBC REAL ESTATE COUNCIL OF BRITISH COLUMBIA

**ਸੌਦੇ ਵਿਚ ਕਿਸੇ ਹੋਰ ਦੀ ਨੁਮਾਇੰਦਗੀ ਕਰ ਰਿਹਾ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਡੇ ਹਿੱਤਾਂ ਲਈ ਕੰਮ ਨਹੀਂ ਕਰ ਸਕਦਾ।**

**ਰੀਅਲ ਇਸਟੇਟ ਪ੍ਰੋਫੈਸ਼ਨਲ ਇਹ *ਨਹੀਂ ਕਰ ਸਕਦਾ:***

- ਤੁਹਾਨੂੰ ਸਲਾਹ ਨਹੀਂ ਦੇ ਸਕਦਾ।
- ਤੁਹਾਡੀ ਤਰਫੋਂ ਸੌਦੇਬਾਜੀ ਨਹੀਂ ਕਰ ਸਕਦਾ।
- ਆਪਣੇ ਗਾਹਕ ਬਾਰੇ ਤੁਹਾਨੂੰ ਕੋਈ ਭੇਤ ਵਾਲੀ ਜਾਣਕਾਰੀ ਨਹੀਂ ਦੇ ਸਕਦਾ। (ਉਦਹਾਰਣ ਲਈ, ਉਹ ਤੁਹਾਨੂੰ ਆਪਣੇ ਗਾਹਕ ਦੀ ਵੱਧ ਤੋਂ ਵੱਧ/ਘੱਟ ਤੋਂ ਘੱਟ ਕੀਮਤ ਨਹੀਂ ਦੱਸ ਸਕਦੇ ਜੇ ਉਨ੍ਹਾਂ ਦਾ ਗਾਹਕ ਇਹ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਨ ਲਈ ਨਹੀਂ ਕਹਿੰਦਾ।)

**ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਉਹ ਸਾਰੀ ਢੁਕਵੀਂ ਜਾਣਕਾਰੀ ਆਪਣੇ ਗਾਹਕ ਨੂੰ ਦੱਸਣਾ ਜ਼ਰੂਰੀ ਹੈ ਜਿਹੜੀ ਉਹ ਜਾਣਦਾ ਹੈ:**

**ਇਸ ਵਿਚ ਸ਼ਾਮਲ ਹੋ ਸਕਦੇ ਹਨ:**

- ਖਰੀਦਣ/ਵੇਚਣ/ਲੀਜ਼ ਕਰਨ/ਕਿਰਾਏ ਦੇ ਤੁਹਾਡੇ ਕਾਰਣ।
- ਤੁਹਾਡੀ ਵੱਧ ਤੋਂ ਵੱਧ/ਘੱਟ ਤੋਂ ਘੱਟ ਕੀਮਤ।
- ਤੁਹਾਡੀਆਂ ਤਰਜੀਹੀ ਸ਼ਰਤਾਂ ਅਤੇ ਹਾਲਤਾਂ।

ਤੁਹਾਡੇ ਉਲਟ ਹਿੱਤਾਂ ਵਾਲੇ ਗਾਹਕ ਦੀ ਨੁਮਾਇੰਦਗੀ ਕਰਨ ਵਾਲੇ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਆਪਣੀ ਕੋਈ ਵੀ ਗੁਪਤ ਜਾਣਕਾਰੀ ਸਾਂਝੀ ਕਰਨ ਬਾਰੇ ਸਾਵਧਾਨ ਰਹੋ। ਉਨ੍ਹਾਂ ਲਈ ਇਹ ਜਾਣਕਾਰੀ ਆਪਣੇ ਗਾਹਕ ਨਾਲ ਸਾਂਝੀ ਕਰਨਾ ਜ਼ਰੂਰੀ ਹੈ।

## ਜਾਣਕਾਰੀ ਲੈ ਕੇ ਚੋਣ ਕਰੋ

ਤੁਹਾਨੂੰ ਇਹ ਫਾਰਮ ਇਸ ਕਰਕੇ ਮਿਲ ਰਿਹਾ ਹੈ ਕਿਉਂਕਿ ਤੁਸੀਂ ਇਕ ਨੁਮਾਇੰਦਗੀ-ਰਹਿਤ ਪਾਰਟੀ ਵਜੋਂ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਡੀਲ ਕਰਨ ਬਾਰੇ ਵਿਚਾਰ ਕਰ ਰਹੇ ਹੋ। ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਡੀ ਨੁਮਾਇੰਦਗੀ ਨਹੀਂ ਕਰ ਸਕਦਾ ਕਿਉਂਕਿ ਉਹ ਇਸੇ ਸੌਦੇ ਵਿਚ ਪਹਿਲਾਂ ਹੀ ਕਿਸੇ ਹੋਰ ਦੀ ਨੁਮਾਇੰਦਗੀ ਕਰ ਰਿਹਾ ਹੈ।

ਇਕ ਖਪਤਕਾਰ ਵਜੋਂ, ਇਹ ਫੈਸਲਾ ਕਰਨਾ ਤੁਹਾਡੇ ’ਤੇ ਹੈ ਕਿ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਕੰਮ ਕਰਨ ਦਾ ਕਿਸ ਤਰ੍ਹਾਂ ਦਾ ਸੰਬੰਧ ਤੁਹਾਡੇ ਲਈ ਬਿਹਤਰ ਹੈ।

ਜੇ ਤੁਸੀਂ ਨੁਮਾਇੰਦਗੀ-ਰਹਿਤ ਪਾਰਟੀ ਬਣਨਾ ਚਾਹੁੰਦੇ ਹੋਵੋ ਅਤੇ ਉਸ ਰੀਅਲ ਇਸਟੇਟ ਪ੍ਰੋਫੈਸ਼ਨਲ ਦੀਆਂ ਕੁਝ ਸੀਮਤ ਸੇਵਾਵਾਂ ਵਰਤਣਾ ਚਾਹੁੰਦੇ ਹੋਵੋ ਜਿਹੜਾ ਸੌਦੇ ਵਿਚ ਪਹਿਲਾਂ ਹੀ ਕਿਸੇ ਹੋਰ ਧਿਰ ਦੀ ਨੁਮਾਇੰਦਗੀ ਕਰ ਰਿਹਾ ਹੈ ਤਾਂ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਸਪਸ਼ਟ ਰੂਪ ਵਿਚ ਤੁਹਾਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਦੀਆਂ ਆਪਣੇ ਗਾਹਕ ਪ੍ਰਤੀ ਜ਼ਿੰਮੇਵਾਰੀਆਂ ਕੀ ਹਨ ਅਤੇ ਉਸ ਵਲੋਂ ਤੁਹਾਡੀ ਕੀਤੀ ਜਾਣ ਵਾਲੀ ਮਦਦ ਦੀਆਂ ਸੀਮਾਵਾਂ ਕੀ ਹਨ।

**ਰੀਅਲ ਇਸਟੇਟ ਕੌਂਸਲ ਔਫ ਬੀ ਸੀ ਤੁਹਾਨੂੰ ਇਹ ਬੇਨਤੀ ਕਰਦੀ ਹੈ ਕਿ ਇਸ ਸੌਦੇ ਵਿਚ ਤੁਸੀਂ ਆਪਣਾ ਰੀਅਲ ਇਸਟੇਟ ਪ੍ਰੋਫੈਸ਼ਨਲ ਕਰੋ।**

**ਇਹ ਡਿਸਕਲੋਜ਼ਰ *ਰੀਅਲ ਇਸਟੇਟ ਸਰਵਿਸਿਜ਼ ਐਕਟ* ਹੇਠ ਨਿਯਮਾਂ ਦੇ ਸੈਕਸ਼ਨ 5-10.1 ਦੀ ਪਾਲਣਾ ਮੁਤਾਬਕ ਕੀਤਾ ਗਿਆ ਹੈ।**

## ਹਿਦਾਇਤਾਂ

**ਖਪਤਕਾਰ:** ਕਿਰਪਾ ਕਰਕੇ ਹੇਠਾਂ ਓਪਸ਼ਨਲ ਫੀਲਡਜ਼ ਮੁਕੰਮਲ ਕਰੋ ਤਾਂ ਜੋ ਇਹ ਪਤਾ ਲੱਗੇ ਕਿ ਤੁਹਾਨੂੰ ਖਪਤਕਾਰਾਂ ਦੀ ਰੱਖਿਆ ਲਈ ਇਹ ਜਾਣਕਾਰੀ ਮਿਲ ਗਈ ਹੈ।

**ਰੀਅਲ ਇਸਟੇਟ ਪ੍ਰੋਫੈਸ਼ਨਲ:** ਭਰੋ ਅਤੇ ਦਸਖਤ ਕਰੋ ਤਾਂ ਜੋ ਇਹ ਪਤਾ ਲੱਗੇ ਕਿ ਤੁਸੀਂ ਇਹ ਡਿਸਕਲੋਜ਼ਰ ਰੀਅਲ ਇਸਟੇਟ ਦੇ ਖਪਤਕਾਰ ਨੂੰ ਦੇ ਦਿੱਤਾ ਹੈ। ਇਹ ਫਾਰਮ ਤੁਰੰਤ ਆਪਣੇ ਬਰੋਕਰੇਜ ਨੂੰ ਦਿਉ।



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ’ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ ’ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

## Mandatory Real Estate Professional Confirmation

**I confirm that I have:**

☐ given the unrepresented party information about the duties and responsibilities I owe my client.
☐ given the unrepresented party information about the risks of being unrepresented in a real estate transaction.
☐ given the unrepresented party information about the limited assistance I can provide them.
☐ advised the unrepresented party to seek independent professional advice.

Name: ______________________________

Brokerage: ______________________________

Signature: ______________________________ Date: ______________

Notes: ______________________________

______________________________

## Optional Consumer Confirmation

**I confirm that the real estate professional:**

☐ gave me information about the duties and responsibilities they owe their client.
☐ gave me information about the risks of being an unrepresented party in a real estate transaction.
☐ gave me information about the limited assistance they can provide me.
☐ advised me to seek independent professional advice.

Consumer Name: ______________________________

Consumer Signature: ______________________________ Date: ______________

Consumer Name: ______________________________

Consumer Signature: ______________________________ Date: ______________

*Section 8-4(a) of the Rules made under the Real Estate Services Act requires a brokerage to maintain a copy of all written disclosures and any related acknowledgements under Division 2 Part 5 of the Rules.*

### ਖਪਤਕਾਰ ਦੀ ਪ੍ਰਾਈਵੇਸੀ ਦਾ ਨੋਟਿਸ

ਰੀਅਲ ਇਸਟੇਟ ਪ੍ਰੋਫੈਸ਼ਨਲ ਇਹ ਫਾਰਮ ਤੁਹਾਨੂੰ ਇਸ ਕਰਕੇ ਦੇ ਰਿਹਾ ਹੈ ਕਿਉਂਕਿ ਉਨ੍ਹਾਂ ਲਈ ਰੀਅਲ ਇਸਟੇਟ ਸਰਵਿਸਿਜ਼ ਐਕਟ (“ਰੂਲਜ਼”) ਹੇਠ ਅਜਿਹਾ ਕਰਨਾ ਜ਼ਰੂਰੀ ਹੈ। **ਤੁਹਾਡੇ ਲਈ ਇਸ ਫਾਰਮ ਉੱਪਰ ਆਪਣਾ ਨਾਂ ਲਿਖਣਾ ਜਾਂ ਦਸਖਤ ਕਰਨਾ ਜ਼ਰੂਰੀ ਨਹੀਂ ਹੈ।** ਫਿਰ ਵੀ, ਜਿਸ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਸੀਂ ਵਰਤ ਰਹੇ ਹੋ, ਉਹ ਤੁਹਾਨੂੰ ਅਜਿਹਾ ਕਰਨ ਲਈ ਕਹਿ ਸਕਦਾ ਹੈ ਤਾਂ ਜੋ ਉਹ ਇਹ ਸਾਬਤ ਕਰ ਸਕੇ ਕਿ ਨਿਯਮਾਂ ਦੀ ਮੰਗ ਮੁਤਾਬਕ ਉਸ ਨੇ ਤੁਹਾਨੂੰ ਇਹ ਫਾਰਮ ਦੇ ਦਿੱਤਾ ਹੈ। ਰੀਅਲ ਇਸਟੇਟ ਪ੍ਰੋਫੈਸ਼ਨਲ ਇਸ ਫਾਰਮ ਦੀ ਕਾਪੀ (ਸਮੇਤ ਕੋਈ ਵੀ ਉਸ ਨਿੱਜੀ ਜਾਣਕਾਰੀ ਦੇ ਜਿਹੜੀ ਤੁਸੀਂ ਦਿੱਤੀ ਹੈ ਜਿਵੇਂ ਕਿ ਤੁਹਾਡਾ ਨਾਂ ਜਾਂ ਦਸਖਤ) ਆਪਣੇ ਬਰੋਕਰੇਜ ਨੂੰ ਦੇਵੇਗਾ। ਰੀਅਲ ਇਸਟੇਟ ਪ੍ਰੋਫੈਸ਼ਨਲਜ਼ ’ਤੇ ਨਿਯਮ ਲਾਗੂ ਕਰਨ ਲਈ ਜ਼ਿੰਮੇਵਾਰ ਸੂਬੇ ਦੀ ਸੰਸਥਾ, ਰੀਅਲ ਇਸਟੇਟ ਕੌਂਸਲ ਔਫ ਬੀ ਸੀ, ਨਿਯਮਾਂ ਦੀ ਪਾਲਣਾ ’ਤੇ ਨਿਗਰਾਨੀ ਰੱਖਣ ਦੇ ਮੰਤਵ ਲਈ ਇਸ ਫਾਰਮ ਦੀ ਪੜਚੋਲ ਕਰ ਸਕਦੀ ਹੈ।

ਰੀਅਲ ਇਸਟੇਟ ਕੌਂਸਲ ਔਫ ਬੀ ਸੀ ਵਲੋਂ ਤੁਹਾਡੀ ਨਿੱਜੀ ਜਾਣਕਾਰੀ ਲੈਣ ਅਤੇ ਵਰਤਣ ਦੇ ਸੰਬੰਧ ਵਿਚ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ:
Privacy Officer, Real Estate Council of BC, 900-750 West Pender Street, Vancouver, BC, V6C 2T8; ਟੈਲੀਫੋਨ: 604.683.9664 ਜਾਂ ਦੂਰੋਂ ਮੁਫਤ 1.877.683.9664 ’ਤੇ; ਈਮੇਲ: privacy@recbc.ca

ਜੇ ਖਾਸ ਤੌਰ ’ਤੇ ਮੰਗੀ ਨਹੀਂ ਜਾਂਦੀ ਤਾਂ ਇਸ ਡਿਸਕਲੋਜ਼ਰ ਦੀ ਇਕ ਕਾਪੀ ਰੀਅਲ ਇਸਟੇਟ ਕੌਂਸਲ ਔਫ ਬੀ ਸੀ ਨੂੰ ਦਿੱਤੇ ਜਾਣ ਦੀ ਲੋੜ ਨਹੀਂ ਹੈ।



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ’ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ ’ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)